# ਭਗਤ ਜੀ ਨਾਲ ਪਹਿਲੀ ਮੁਲਾਕਾਤ

ਜੀਵਨ ਵਿਚ ਕਈ ਘਟਨਾਵਾਂ ਐਸੀਆਂ ਹੁੰਦੀਆਂ ਹਨ, ਜੋ ਆਪਣੀ ਸਦੀਵੀਂ ਯਾਦ ਛੱਡ ਜਾਂਦੀਆਂ ਹਨ ਅਤੇ ਉਹ ਯਾਦ ਮੁੜ ਮੁੜ ਆਉਂਦੀ ਰਹਿੰਦੀ ਹੈ । ਐਸੀ ਘਟਨਾ ਮੇਰੇ ਨਾਲ ਸੰਨ 1951 ਵਿਚ ਵਾਪਰੀ । ਮੈਂ ਟਰੇਨ ਰਾਹੀਂ ਬਰਨਾਲੇ ਤੋਂ ਦਿੱਲੀ ਜਾ ਰਿਹਾ ਸਾਂ, ਰਾਤ ਨੂੰ ਦਸ ਕੁ ਵਜੇ ਅੰਬਾਲਾ ਛਾਉਣੀ ਅੰਮ੍ਰਿਤਸਰ ਤੋਂ ਦਿੱਲੀ ਜਾਣ ਵਾਲੀ ਗੱਡੀ ਬਦਲਣੀ ਪੈਂਦੀ ਸੀ । ਮੇਰੇ ਪਾਸ ਥਰਡ ਕਲਾਸ ਦਾ ਟਿਕਟ ਸੀ । ਆਪਣਾ ਛੋਟਾ ਜਿਹਾ ਬੈਗ ਲਈ ਮੈਂ ਟਰੇਨ ਵਿਚ ਚੜ੍ਹਨ ਦਾ ਯਤਨ ਕਰ ਰਿਹਾ ਸਾਂ ਪਰ ਸਾਰੇ ਹੀ ਡੱਬੇ ਖਚਾ-ਖਚ ਭਰੇ ਹੋਣ ਕਾਰਨ ਅੰਦਰ ਵੜ੍ਹਨ ਨੂੰ ਵੀ ਜਗ੍ਹਾਂ ਨਾ ਮਿਲੇ । ਆਖਰ ਧੱਕਾ ਮੁੱਕਾ ਕਰਦਾ ਮੈਂ ਇਕ ਡੱਬੇ ਵਿਚ ਚੜ੍ਹ ਗਿਆ ਪਰ ਅੰਦਰ ਐਨੀ ਭੀੜ ਕਿ ਬੈਗ ਭੁੰਜੇ ਟਿਕਾਉਣ ਨੂੰ ਵੀ ਜਗ੍ਹਾਂ ਨਾ ਮਿਲੀ । ਮੈਂ ਇੱਕ ਸੀਟ ਦਾ ਸਹਾਰਾ ਲੈ ਕੇ ਖਲੋ ਗਿਆ । ਟਰੇਨ ਅੰਬਾਲਾ ਛਾਉਣੀ ਤੋਂ ਚੱਲ ਪੈਣ ਤੋਂ ਬਾਅਦ ਕੁਝ ਸਾਹ ਆਇਆ । ਦੋ ਤਿੰਨ ਮੁਸਾਫਰ ਕੋਈ ਫਰਸ਼ ਤੇ, ਕੋਈ ਕਿਸੇ ਸੀਟ ਤੇ ਟਿਕ ਗਏ, ਮੈਂ ਜਿੱਥੇ ਖੜ੍ਹਾ ਸੀ, ਉਸ ਨਾਲ ਦੀ ਸੀਟ ਤੇ ਇਕ ਮਸਤਾਨਾ ਜਿਹਾ ਸੱਜਣ ਬੈਠਾ ਸੀ ।

ਉਹ ਆਪਣੀ ਥਾਂ ਤੇ ਥੋੜਾ ਸੁਗੰੜਿਆ ਤੇ ਜੋ ਗਿੱਠ ਕੁ ਥਾਂ ਇਸ ਤਰ੍ਹਾਂ ਵੇਹਲੀ ਹੋਈ ਸੀ ਮੈਨੂੰ ਉਸਤੇ ਬੈਠਣ ਨੂੰ ਇਸ਼ਾਰਾ ਕੀਤਾ । ਮੇਰਾ ਮਨ ਪਹਿਲਾਂ ਤਾਂ ਉਸਦਾ ਜਾਮਾ ਵੇਖ, ਸ਼ਕਲ ਸੂਰਤ ਵੇਖ ਉਸਦੇ ਨੇੜੇ ਬੈਠਣ ਨੂੰ ਨਾ ਕੀਤਾ ਪਰ ਫੇਰ ਇਹ ਸੋਚ ਕੇ ਕਿ ਪੈਂਡਾਂ ਲੰਬਾ ਹੈ ਬੈਗ ਵੀ ਹੱਥ ਵਿਚ ਹੈ ਸਫ਼ਰ ਕਿਵੇਂ ਕਟੇਗਾ ਮੈਂ ਉਸ ਥੋੜ੍ਹੀ ਜਿਹੀ ਥਾਂ ਵਿਚ ਹੀ ਫ਼ਸ ਕੇ ਬੈਠ ਗਿਆ । ਮੇਰਾ ਇਹ ਵੀ ਹੋਸਲਾ ਨਹੀਂ ਪਿਆ ਕਿ ਮੈਂ ਉਸਦਾ ਧੰਨਵਾਦ ਕਰਦਾ । ਹੌਲੀ ਹੌਲੀ ਮਨਸ਼ਅੱਖੀਆਂ ਨਾਲ ਮੈਂ ਉਸ ਵੱਲ ਤੱਕਦਾ ਵੀ ਰਿਹਾ । ਕੱਪੜੇ ਮੈਲੇ, ਮੋਟੇ ਜਿਹੇ ਖੱਦਰ ਦੇ, ਸਿਰ ਤੇ ਮੈਲਾ ਜਿਹਾ ਪਰਨਾ, ਗੱਲ ਵਿਚ ਟੱਲ ਲਟਕੇ ਅਤੇ ਇਕ ਝੋਲਾ ਮੋਢੇ ਤੇ ਪਾਇਆ ਹੋਇਆ ਅਤੇ ਝੋਲੀ ਵਿਚ ਲੋਹੇ ਦਾ ਬਾਟਾ ਜਿਸ ਵਿਚ ਕੁਝ ਮੁੜੇ ਤੁੜੇ ਕਾਗਜ਼ ਪਏ, ਮੈਂ ਵੇਖ ਅੰਦਾਜ਼ਾ ਲਾਇਆ ਕਿ ਜ਼ਰੂਰ ਮਸਤਾਨਾ ਹੈ ਕਿਸੇ ਨੇ ਗੱਡੀ ਵਿਚ ਚੜ੍ਹਾ ਦਿੱਤਾ । ਕਿਸੇ ਅਗਲੇ ਸਟੇਸ਼ਨ ਤੇ ਉਤਰ ਜਾਵੇਗਾ । ਕੁਝ ਸਮਾਂ ਗੁਜ਼ਰ ਗਿਆ ਮੈਂ ਬਹੁਤ ਥੋੜ੍ਹੀ ਥਾਂ ਵਿਚ ਕਾਫੀ ਔਖਾ ਬੈਠਾ ਸਾਂ । ਉਸ ਨੇ ਮੇਰੇ ਵੱਲ ਤੱਕਿਆ ਤੇ ਆਪ ਹੋਰ ਸੁੰਗੜ ਗਿਆ ਤੇ ਜ਼ਰਾ ਮੁਸਕਰਾ ਕੇ ਬੋਲਿਆ "Young man feel comfortable." ਮੈਂ ਉਸਦੇ ਮੂੰਹ ਵੱਲ ਤੱਕਦਾ ਹੀ ਰਹਿ ਗਿਆ । ਬਹੁਤ ਸੁਹਣਾ ਤਲੱਫਜ਼ ਅਤੇ ਵਧੀਆ ਅੰਗਰੇਜ਼ੀ ਉਸਦੀ ਜ਼ੁਬਾਨ ਤੋਂ ਸੁਣ ਕੇ ਮੈਂ ਹੈਰਾਨ ਜਿਹਾ ਹੋ ਗਿਆ । ਹੁਣ ਮੈਂ ਉਸ ਦਾ ਧੰਨਵਾਦ ਕੀਤਾ ਅਤੇ ਜ਼ਰਾ ਠੀਕ ਹੋ ਕੇ ਬੈਠ ਗਿਆ । ਉਹ ਫੇਰ ਬੋਲਿਆ "I have been sitting all the way from Amritsar, I can standup so that you may sit more comfortably" ਅਤੇ ਉਹ ਉਠਣ ਲੱਗਿਆ । ਮੈਂ ਉਸਦਾ ਹੱਥ ਪੱਕੜ ਲਿਆ ਅਤੇ ਬੈਠੇ ਰਹਿਣ ਲਈ ਬੇਨਤੀ ਕੀਤੀ । ਅਸਖ਼ ਦੋਵੇਂ ਹੀ ਹੁਣ ਸੁਖਾਲੇ ਬੈਠ ਗਏ ਸਾਂ । ਮੇਰੀ ਹੈਰਾਨੀ ਵਿਚ ਹੋਰ ਵਾਧਾ ਹੋਇਆ ਕਿ ਇਹ ਕੌਣ ਹੈ । ਲਿਬਾਸ ਤੋਂ ਮਸਤਾਨਾ ਲਗਦਾ ਹੈ, ਬੋਲਦਾ ਵਧੀਆ ਅੰਗਰੇਜ਼ੀ ਹੈ ਤੇ ਕਿੰਨੀ ਤਹਿਜ਼ੀਬ ਨਾਲ ਗੱਲ ਕਰਦਾ ਹੈ । ਮੈਂ ਹੁਣ ਰਹਿ ਨਾ ਸਕਿਆ ਤੇ ਪੁੱਛਿਆ ਕਿ ਆਪ ਨੇ ਗਲ ਟੱਲ ਕਿਉਂ ਪਾਇਆ ਹੈ । ਹੱਸ ਕੇ ਕਹਿਣ ਲੱਗਾ, "ਇਸ ਲਈ ਕਿ ਕੋਈ ਇਹ ਪੁੱਛੇ ਕਿ ਟੱਲ ਕਿਉਂ ਪਾਇਆ ਹੈ।" ਅਤੇ ਫਿਰ ਹੌਲੀ ਹੌਲੀ ਭਗਤ ਪੂਰਨ ਸਿੰਘ ਹੋਰਾਂ ਨੇ ਆਪਣੀ ਜੀਵਨਸ਼ਕਹਾਣੀ ਸਣਾਉਣੀ ਸੁਰੂਕਰ ਦਿੱਤੀ, ਖੰਨੇ ਤੋਂ ਲਾਹੌਰ, ਡੇਹਰਾ ਸਾਹਿਬ, ਪਿਆਰਾ ਸਿੰਘ ਆਦਿ ਤੋਂ ਪਾਕਿਸਤਾਨ ਬਨਣ ਤੋਂ ਉਪਰੰਤ ਅੰਮ੍ਰਿਤਸਰ ਆ ਕੇ ਪਿੰਗਲਵਾੜੇ ਦੀ ਸਥਾਪਨਾ, ਹੌਲੀ ਹੌਲੀ ਇਸ ਢੰਗ ਨਾਲ ਸੁਣਾਈ ਜਿਵੇਂ ਫਿਲਮ ਅੱਖਾਂ ਸਾਹਮਣੇ ਲੰਘ ਰਹੀ ਹੋਵੇ । ਸਮਾਂ ਗੁਜ਼ਰਦਿਆਂ ਪਤਾ ਹੀ ਨਾ ਲੱਗਾ

ਅਤੇ ਦਿੱਲੀ ਨੇੜੇ ਆ ਗਈ । ਪਹੁ ਸੁਖਾਲਾ ਹੋ ਗਿਆ । ਕਈ ਗਵਾਢੀਆਂ ਨੂੰ ਵੀ ਦਿਲਚਸਪੀ ਹੋ ਗਈ । ਉਹ ਕਦੇ ਅੰਗਰੇਜ਼ੀ ਤੇ ਕਦੇ ਪੰਜਾਬੀ ਵਿਚ ਗੱਲ ਕਰਨ । ਮੈਂ ਭੁੱਛਿਆ, "ਦਿੱਲੀ ਕਿਵੇਂ ਜਾ ਰਹੇ ਹੋ, ਤਾਂ ਉਨ੍ਹਾਂ ਕਈ ਵੱਡੇ ਵਿਅਕਤੀਆਂ ਦੇ ਨਾਉਂ ਲਏ ਕਿ ਉਨ੍ਹਾਂ ਨੂੰ ਮਿਲਣਾ ਹੈ ਅਤੇ ਪਿੰਗਲਵਾੜੇ ਲਈ ਸਹਾਇਤਾ ਲੈਣੀ ਹੈਸ਼ ਇਸ ਤਰ੍ਹਾਂ ਸਬੱਬ ਨਾਲ ਇਸ ਮਹਾਂਪੁਰਸ਼ ਅਤੇ ਪੂਰਨ ਭਗਤ ਦੇ ਦਰਸ਼ਨਾ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਅਤੇ ਮੇਰੇ ਮਨ ਵਿਚ ਇਸ ਛੋਟੀ ਮਿਲਣੀ ਨੇ ਹੀ ਅਥਾਹ ਸ਼ਰਧਾ ਉਨ੍ਹਾਂ ਪ੍ਰਤੀ ਪੈਦਾ ਕਰ ਦਿੱਤੀ ਜੋ ਅਖੀਰ ਸਮੇਂ ਤੀਕ ਵਧਦੀ ਹੀ ਗਈ । ਬਹੁਤ ਵਾਰ ਉਨ੍ਹਾਂ ਨੂੰ ਮਿਲਣ ਦਾ ਅਵਸਰ ਮਿਲਿਆ ਅਤੇ ਬਹੁਤ ਸਾਰੀਆਂ ਦਿਲਚਸਪ ਗੱਲਾਂ ਉਨ੍ਹਾਂ ਦੀਆਂ ਦਸੱਣ ਯੋਗ ਹਨ ਜੋ ਅਭੁੱਲ ਯਾਦਾਂ ਬਣ ਗਈਆਂ ਹਨ । ਇਸ ਸੋਵੀਨਾਰ ਵਿਚ ਜਗ੍ਹਾਂ ਦੀ ਤੰਗੀ ਕਾਰਨ ਬਹੁਤ ਕੁਝ ਨਹੀਂ ਲਿਖਿਆ ਜਾ ਸਕਦਾ । ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਦੇ ਮੌਕੇ ਮੈਂ ਆਪਣੇ ਦਿਲ ਦੀਆਂ ਡੂੰਘਾਈਆਂ ਤੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ।

ਸੁਰਜੀਤ ਸਿੰਘ ਬਰਨਾਲਾ
ਗਵਰਨਰ ਆਂਧਰਾ ਪ੍ਰਦੇਸ਼